19 ਜੂਨ, 2020

ਪਿਆਰੇ ਮਾਰਾ-ਪਿਤਾ ਅਤੇ ਸਰਪ੍ਰਸਤੋ,

ਅੱਜ, ਪ੍ਰੀਮੀਅਰ ਅਤੇ ਸਿੱਖਿਆ ਮੰਤਰੀ ਨੇ ਸਿਤੰਬਰ ਵਿੱਚ ਸਕੂਲ ਵਿੱਚ ਵਾਪਸੀ ਲਈ ਓਨਟੈਰਿਓ ਸਰਕਾਰ ਦੀਆਂ ਸੇਧਾਂ ਦੀ ਘੋਸ਼ਣਾ ਕੀਤੀ। ਓਨਟੈਰਿਓ ਭਰ ਵਿੱਚ ਸਕੂਲ ਬੋਰਡਾਂ ਨੂੰ ਤਿੰਨ ਸੰਭਵ ਦ੍ਰਿਸ਼ਾਂ ਵਾਸਤੇ ਤਿਆਰੀ ਕਰਨ ਲਈ ਕਿਹਾ ਜਾ ਰਿਹਾ ਹੈ ਜੋ ਕਿ ਉਸ ਵੇਲੇ ਦੀ ਪਬਲਿਕ ਹੈਲਥ ਸਥਿਤੀ 'ਤੇ ਨਿਰਭਰ ਕਰਨਗੇ:

- **ਵਧੇ ਹੋਏ ਪਬਲਿਕ ਹੈਲਥ ਪ੍ਰੋਟੋਕੋਲਾਂ ਦੇ ਨਾਲ ਆਮ ਸਕੂਲੀ ਦਿਨ ਦਾ ਰੁਟੀਨ:** ਵਿਦਿਆਰਥੀ ਰੋਜ਼ ਸਕੂਲ ਜਾਂਦੇ ਹੋਏ, ਅਜਿਹੀਆਂ ਕਲਾਸਾਂ ਵਿੱਚ ਜਿਹੜੀਆਂ ਕਲਾਸ ਦੇ ਮਿਆਰੀ ਸਾਈਜ਼ ਸੰਬੰਧੀ ਨਿਯਮਾਂ ਨੂੰ ਝਲਕਾਉਂਦੀਆਂ ਹਨ।

- **ਸਕੂਲੀ ਦਿਨ ਦਾ ਸੋਧਿਆ ਹੋਇਆ ਰੁਟੀਨ:** ਪਬਲਿਕ ਹੈਲਥ ਦੀ ਸਲਾਹ ਦੇ ਅਧਾਰ 'ਤੇ, ਸਰੀਰਕ ਦੂਰੀ ਅਤੇ ਵਿਦਿਆਰਥੀਆਂ ਦੇ ਸਮੂਹਾਂ ਲਈ ਆਗਿਆ ਦੇਣ ਲਈ ਇੱਕ ਪਰਿਵਰਤਿਤ ਡਿਲਿਵਰੀ ਮਾਡਲ ਬਣਾਇਆ ਗਿਆ ਹੈ। ਇਸ ਮਾਡਲ ਦੇ ਹੇਠ, ਸਕੂਲ ਬੋਰਡਾਂ ਨੂੰ ਇੱਕ ਸਮੇਂ ਤੇ ਇੱਕ ਆਮ ਕਲਾਸ ਵਿੱਚ 15 ਵਿਦਿਆਰਥੀਆਂ ਦੀ ਸੀਮਾ ਬਣਾਈ ਰੱਖਣ ਲਈ ਅਤੇ ਟਾਇਮਟੇਬਲਿੰਗ ਅਪਣਾਉਣ ਲਈ ਕਿਹਾ ਜਾਂਦਾ ਹੈ ਜੋ ਵਿਦਿਆਰਥੀਆਂ ਨੂੰ ਸਕੂਲੀ ਦਿਨ ਦੇ ਜਿੰਨੇ ਸਮੇਂ ਲਈ ਸੰਭਵ ਹੋਵੇ ਕੇਵਲ ਉਨ੍ਹਾਂ ਦੇ ਕਲਾਸਮੇਟਾਂ ਅਤੇ ਇੱਕ ਇਕੱਲੇ ਅਧਿਆਪਕ ਦੇ ਨਾਲ ਸੰਪਰਕ ਵਿੱਚ ਰਹਿਣ ਦੇਵੇਗਾ। ਇਸ ਮਾਡਲ ਲਈ ਕਲਾਸ ਦੇ ਇੱਕ ਹਿੱਸੇ ਨੂੰ ਇੱਕ ਸਮੇਂ 'ਤੇ ਵਟਵੇਂ ਦਿਨ ਜਾਂ ਵਟਵੇਂ ਹਫਤੇ ਦੀ ਡਿਲਿਵਰੀ ਦੀ ਲੋੜ ਹੋਵੇਗਾ।

- **ਘਰ ਵਿੱਚ ਲਰਨਿੰਗ:** ਜੇ ਸਕੂਲ ਬੰਦ ਨੂੰ ਵਧਾਇਆ ਜਾਂਦਾ ਹੈ, ਜਾਂ ਕਈ ਮਾਤਾ-ਪਿਤਾ ਆਪਣੇ ਬੱਚੇ ਨੂੰ ਸਕੂਲ ਵਾਪਸ ਨਾ ਭੇਜਣ ਦੀ ਚੋਣ ਕਰਦੇ ਹਨ, ਤਾਂ ਸਕੂਲ ਬੋਰਡਾਂ ਨੂੰ ਰਿਮੋਟ ਐਜੁਕੇਸ਼ਨ ਪੇਸ਼ ਕਰਨ ਲਈ ਤਿਆਰ ਹੋਣ ਦੀ ਲੋੜ ਹੈ। ਰਿਮੋਟ ਐਜੁਕੇਸ਼ਨ ਨੂੰ ਅਧਿਕਤਮ ਸੰਭਵ ਹੱਦ ਤੱਕ ਔਨਲਾਇਨ ਡਿਲਿਵਰ ਕੀਤਾ ਜਾਣਾ ਚਾਹੀਦਾ ਹੈ, ਜਿਸ ਵਿੱਚ ਵਿਦਿਆਰਥੀਆਂ ਲਈ ਇੱਕੋ ਹੀ ਸਮੇਂ ਤੇ ਨਿਯਮਿਤ ਢੰਗ ਨਾਲ ਉਨ੍ਹਾਂ ਦੇ ਅਧਿਆਪਕ ਦੇ ਨਾਲ ਸਿੱਧੇ ਸੰਪਰਕ, ਜਿਸ ਨੂੰ ਸਮਕਾਲੀ ਲਰਨਿੰਗ ਵੀ ਕਿਹਾ ਜਾਂਦਾ ਹੈ, ਲਈ ਘੱਟੋ ਘੱਟ ਅਪੇਖਿਆਵਾਂ ਸਥਾਪਤ ਕਰਨਾ ਸ਼ਾਮਲ ਹੈ। ਸਮਕਾਲੀ ਲਰਨਿੰਗ ਨੂੰ ਪੂਰੀ ਕਲਾਸ ਲਈ ਸਿਖਲਾਈ ਦੇ ਹਿੱਸੇ ਵਜੋਂ, ਵਿਦਿਆਰਥੀਆਂ ਦੇ ਛੋਟੇ ਸਮੂਹਾਂ ਵਿੱਚ, ਅਤੇ/ਜਾਂ ਵਨ-ਔਨ-ਵਨ ਸੰਦਰਭ ਵਿੱਚ ਵਰਤਿਆ ਜਾ ਸਕਦਾ ਹੈ।

ਪਿਛਲੇ ਕੁਝ ਹਫਤਿਆਂ ਵਿੱਚ ਟੀਡੀਐਸਬੀ (TDSB) ਇੰਨ੍ਹਾਂ ਸਾਰੀਆਂ ਸੰਭਾਵਨਾਵਾਂ ਦੀ ਪੜਤਾਲ ਅਤੇ ਯੋਜਨਾਬੰਦੀ ਕਰਦਾ ਰਿਹਾ ਹੈ ਅਤੇ ਹੁਣ, ਅੱਜ ਦੀ ਘੋਸ਼ਣਾ ਦੇ ਅਧਾਰ ਤੇ, ਯੋਜਨਾਵਾਂ ਨੂੰ ਅੰਤਿਮ ਰੂਪ ਦੇਣ ਲਈ ਕੰਮ ਕਰੇਗਾ। ਸਾਡੀਆਂ ਯੋਜਨਾਵਾਂ ਵਿੱਚ ਹੋਰ ਸਹਾਇਤਾ ਕਰਨ ਅਤੇ ਉਨ੍ਹਾਂ ਨੂੰ ਸੂਚਿਤ ਕਰਨ ਲਈ, ਟੀਡੀਐਸਬੀ ਮਾਤਾ-ਪਿਤਾ/ਸਰਪ੍ਰਸਤਾਂ, ਸਟਾਫ ਅਤੇ ਵਿਦਿਆਰਥੀਆਂ ਨੂੰ ਔਨਲਾਇਨ ਸਰਵੇਖਣ ਪੂਰੇ ਕਰਕੇ ਸਿਤੰਬਰ ਵਾਸਤੇ ਯੋਜਨਾਬੰਦੀ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਕਹਿ ਰਿਹਾ ਹੈ। ਇਹ ਮਹੱਤਵਪੂਰਨ ਫੀਡਬੈਕ ਟੀਡੀਐਸਬੀ ਦੇ ਕੰਮ ਦਾ ਮਾਰਗਦਰਸ਼ਨ ਕਰਨ ਵਿੱਚ ਸਹਾਇਤਾ ਕਰੇਗੀ ਜਿਵੇਂ ਅਸੀਂ ਸਿਤੰਬਰ ਲਈ ਯੋਜਨਾਵਾਂ ਨਿਰਧਾਰਤ ਕਰਦੇ ਹਾਂ। ਕਿਰਪਾ ਕਰਕੇ ਮਾਤਾ-ਪਿਤਾ/ਸਰਪ੍ਰਸਤ ਸਰਵੇਖਣ ਤੱਕ ਇਥੇ ਅਤੇ ਗ੍ਰੇਡ 7 ਤੋਂ 12 ਵਿਦਿਆਰਥੀ ਸਰਵੇਖਣ ਤੱਕ ਇਥੇ ਪਹੁੰਚ ਪ੍ਰਾਪਤ ਕਰੋ।

Toronto District School Board

ਸਕੂਲ ਬੋਰਡਾਂ ਨੂੰ 4 ਅਗਸਤ, 2020 ਤੱਕ ਉਨ੍ਹਾਂ ਦੀਆਂ ਯੋਜਨਾਵਾਂ ਸਿੱਖਿਆ ਮੰਤਰਾਲੇ ਨੂੰ ਸਬਮਿਟ ਕਰਨ ਲਈ ਕਿਹਾ ਗਿਆ ਹੈ ਅਤੇ ਟੀਡੀਐਸਬੀ, ਸਕੂਲ ਦੀ ਸ਼ੁਰੂਆਤ ਤੋਂ ਪਹਿਲਾਂ, ਉਨ੍ਹਾਂ ਦੇ ਪਰਵਾਨ ਹੋ ਜਾਣ ਤੋਂ ਬਾਅਦ ਸਕੂਲੀ ਭਾਈਚਾਰਿਆਂ ਦੇ ਨਾਲ ਯੋਜਨਾਵਾਂ ਨੂੰ ਸਾਂਝਾ ਕਰਨ ਪ੍ਰਤੀ ਵਚਨਬੱਧ ਹੈ। ਅਸੀਂ ਸੁਨਿਸ਼ਚਿਤ ਕਰਨਾ ਚਾਹੁੰਦੇ ਹਾਂ ਕਿ ਸਾਰੇ ਵਿਦਿਆਰਥੀ ਅਤੇ ਪਰਿਵਾਰ ਚੰਗੀ ਤਰ੍ਹਾਂ ਤਿਆਰ ਹਨ ਅਤੇ ਜਾਣਦੇ ਹਨ ਕਿ ਸਿਤੰਬਰ ਵਿੱਚ ਸਕੂਲ ਵਾਪਸ ਪਰਤਣ ਤੇ ਕੀ ਉਮੀਦ ਕਰਨੀ ਹੈ।

ਹਮੇਸ਼ਾ ਦੀ ਤਰ੍ਹਾਂ, ਅਸੀਂ ਤੁਹਾਨੂੰ ਅੱਪਡੇਟ ਕਰਨਾ ਜਾਰੀ ਰੱਖਾਂਗੇ ਜਦੋਂ ਵਾਧੂ ਜਾਣਕਾਰੀ ਉਪਲਬਧ ਹੁੰਦੀ ਹੈ।

ਦਿਲੋਂ,

ਜੌਨ ਮਲੋਏ
ਡਾਇਰੈਕਟਰ ਔਫ ਐਜੁਕੇਸ਼ਨ